ਵੱਲੋ,

ਡਾਇਰੈਕਟਰ
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਪ੍ਰਿੰਸੀਪਲ/(ਸੈਕਸ਼ਨਿੰਗ ਅਥਾਰਟੀ),
ਸਰਕਾਰੀ ਬਹੁਤਕਨੀਕੀ ਕਾਲਜ,
ਰਜਿਸਟਰਾਰ

1. ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ
2. ਡਾ. ਬੀ.ਆਰ.ਅੰਬੇਦਕਰ, ਨੈਸ਼ਨਲ ਇੰਸਟੀਚਿਊਟ ਆਫ ਟੈਕਨੋਲੋਜੀ, ਜਲੰਧਰ
3. ਇੰਡੀਅਨ ਇੰਸਟੀਚਿਊਟ ਆਫ ਟੈਕਨੋਲੋਜੀ, ਰੋਪੜ
4. ਸੰਤ ਲੌਗੋਵਾਲ ਇੰਸਟੀਚਿਊਟ ਆਫ ਇੰਜੀ: ਐਂਡ ਟੈਕ:, ਲੋਗੋਵਾਲ ਸੰਗਰੂਰ
5. ਥਾਪਰ ਯੂਨੀਵਰਸਿਟੀ, ਪਟਿਆਲਾ
6. ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਉਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ।

ਮੀਮੋ ਨੰ:/ਵੈਬ ਪੋਰਟਲ/ 342 /ਸਕਾਲਰਸ਼ਿਪ ਮਿਤੀ: 08/05/14

ਵਿਸ਼ਾ: ਸਕਾਲਰਸ਼ਿਪ ਵੈਬ ਪੋਰਟਲ ਤੇ ਸਾਲ 2014-15 ਲਈ ਸੂਚਨਾ ਅਪਡੇਟ ਕਰਨ ਸਬੰਧੀ।

ਹਵਾਲਾ: ਇਸ ਦਫ਼ਤਰ ਦੇ ਪੱਤਰ ਨੰ: 205 ਮਿਤੀ 2.04.2014 ਦੇ ਸਬੰਧ ਵਿੱਚ ਉਪਰੋਕਤ ਵਿਸ਼ੇ ਤੇ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਸਾਲ 2013-14 ਵਿੱਚ ਆਪ ਵੱਲੋਂ ਵੈਬ ਪੋਰਟਲ ਤੇ ਆਪਣੀ ਸੰਸਥਾ ਅਤੇ ਆਪ ਨਾਲ ਸਬੰਧਤ ਸੰਸਥਾਵਾਂ ਦੀ ਜੋ ਰਜਿਸਟ੍ਰੇਸ਼ਨ with code , ਕੋਰਸ with code, ਸੰਸਥਾ ਦੀ E-MAIL ID, Mobile No. ਆਦਿ ਦਰਜ ਕੀਤੇ ਗਏ ਸਨ, ਤੋਂ ਇਲਾਵਾ ਹੇਠ ਦਰਸਾਏ ਪ੍ਰੋਫਾਰਮੇ ਵਿੱਚ ਜੇਕਰ ਇਨ੍ਹਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਅਪਡੇਸ਼ਨ ਲੋੜੀਂਦੀ ਹੈ ਤਾਂ ਆਪਣੀ ਸੈਕਸ਼ਨਿੰਗ ਅਥਾਰਟੀ ਰਾਹੀਂ ਮਿਤੀ 04.04.2014 ਤੱਕ ਭੇਜਣ ਲਈ ਕਿਹਾ ਗਿਆ ਸੀ । ਇਸ ਲਈ ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਸੂਚਨਾ ਕੰਸੋਲੀਡੇਟ ਕਰਕੇ ਮਿਤੀ 14.05.2014 ਤੱਕ ਈ-ਮੇਲ ਰਾਹੀਂ ਹਰ ਹਾਲਤ ਵਿੱਚ ਭੇਜੀ ਜਾਵੇ, ਨਹੀਂ ਤਾਂ ਇਹ ਸਮਝ ਲਿਆ ਜਾਵੇਗਾ ਕਿ ਆਪ ਦੇ ਕਾਲਜ ਅਤੇ ਆਪ ਦੇ ਅਧੀਨ ਆਉਂਦੀਆਂ ਸੰਸਥਾਵਾਂ ਦੀ ਸਾਲ 2014-15 ਲਈ ਵੀ ਸਾਲ 2013-14 ਵਾਲੀ ਹੀ ਸੂਚਨਾ ਹੈ।

ਉਪਰੋਕਤ ਤੋਂ ਇਲਾਵਾ ਆਪ ਦੀ ਸੰਸਥਾ ਅਤੇ ਆਪ ਦੇ ਅਧੀਨ ਆਉਂਦੀਆਂ ਸੰਸਥਾਵਾਂ ਵੱਲੋਂ ਸਾਲ 2014-15 ਲਈ ਜੇਕਰ ਕੋਈ ਨਵੇ ਕੋਰਸ ਸ਼ੁਰੂ ਕੀਤੇ ਜਾਣ ਹਨ ਜਾਂ ਡਿਲੀਟ ਕੀਤੇ ਜਾਣੇ ਹਨ, ਇਸ ਸਬੰਧੀ ਹੇਠ ਦਰਸਾਏ ਪ੍ਰੋਫਾਰਮੇ ਵਿੱਚ ਸੂਚਨਾ ਮਿਤੀ 14.05.2014 ਤੱਕ ਨੋਟੀਫਿਕੇਸ਼ਨ/ਅਪਰੂਪਲ ਦੀ ਕਾਪੀ ਸਮੇਤ ਕੰਸੋਲੀਡੇਟ ਕਰਕੇ ਇਸ ਵਿਭਾਗ ਦੀ ਈ-ਮੇਲ dtescholarship@yahoo.com ਤੇ ਮਿਥੀ ਮਿਤੀ ਤੱਕ ਭੇਜਣੀ ਯਕੀਨੀ ਬਣਾਈ ਜਾਵੇ। ਜੇਕਰ ਇਹ ਸੂਚਨਾ ਮਿਥੀ ਮਿਤੀ ਤੱਕ ਪ੍ਰਾਪਤ ਨਹੀਂ ਹੁੰਦੀ ਤਾਂ ਆਪ ਦੀ ਸੂਚਨਾ ਨਿੱਲ ਸਮਝ ਲਈ ਜਾਵੇਗੀ ਅਤੇ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸੰਸਥਾ ਦੀ ਹੋਵੇਗੀ। ਇਹ ਵੀ ਦੱਸਿਆ ਜਾਂਦਾ ਹੈ ਕਿ ਦੋਬਾਰਾ ਪੋਰਟਲ ਵਿੱਚ ਸੋਧ ਕਰਨੀ ਅਸੰਭਵ ਹੋਵੇਗੀ।

**PERFORMA FOR THE UPDATION ON WEB PORTAL FOR THE YEAR 2014-15.**

| NAME OF THE INSTITUTE | FULL ADDRESS OF THE INSTITUTE | INSTITUTE IS AFFILIATED WITH | FULL NAME OF THE COURSE | DURATION OF THE COURSE | REMARKS DELETION OR ADDITION IF ANY (Necessary Approval of deletion or Addition may be attached with) |
|---|---|---|---|---|---|
| (1) | (2) | (3) | (4) | (5) | (6) |

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: 343 /ਸਕਾਲਰਸ਼ਿਪ ਮਿਤੀ: 08/05/2014

ਉਪਰਕੋਤ ਦਾ ਉਤਾਰਾ ਪ੍ਰੋਗਰਾਮਰ ਮੁੱਖ ਦਫਤਰ ਨੂੰ ਵਿਭਾਗ ਦੀ ਵੈਬ ਸਾਈਟ ਤੇ ਪਾਉਣ ਲਈ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।